# ਪੰਜਾਬ ਸਕੂਲ ਸਿੱਖਿਆ ਬੋਰਡ

ਪੰਜਵੀਂ,ਅੱਠਵੀਂ,ਦਸਵੀਂ ਅਤੇ ਬਾਰ੍ਹਵੀਂ ਪ੍ਰੀਖਿਆ ਮਾਰਚ-2020 ਨਾਲ ਸਬੰਧਤ ਸਮੂਹ ਸਕੂਲ ਮੁੱਖੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜਿਹੜੇ ਸਕੂਲਾਂ ਵੱਲੋਂ ਅੱਜ ਮਿਤੀ 04/03/2020 ਤੱਕ ਸੀ.ਸੀ.ਈ ਦੇ ਅੰਕ ਅਪਲੋਡ ਨਹੀਂ ਕੀਤੇ ਗਏ ,ਉਹਨਾਂ ਸਾਰੇ ਸਕੂਲਾਂ ਨੂੰ ਮਿਤੀ 09/03/2020 ਤੱਕ ਸੀ.ਸੀ.ਈ ਦੇ ਅੰਕ ਅਪਲੋਡ/ਦਰੁੱਸਤ ਕਰਨ ਲਈ ਸਮਾਂ ਦਿੱਤਾ ਗਿਆ ਹੈ । ਇਸ ਤੋਂ ਬਾਅਦ ਵੀ ਜੇ ਕੋਈ ਸਕੂਲ ਸੀ.ਸੀ.ਈ ਦੇ ਅੰਕ ਅਪਲੋਡ ਕਰਨ ਤੋਂ ਰਹਿ ਜਾਂਦਾ ਹੈ ਤਾਂ ਮਿਤੀ 10/03/2020 ਤੋ ਮਿਤੀ 20/03/2020 ਤੱਕ 1000/- ਰੁਪਏ ਪ੍ਰਤੀ ਸਕੂਲ ਜੁਰਮਾਨਾ ਫੀਸ ਲਗਾ ਕੇ ਸੀ.ਸੀ.ਈ ਦੀ ਅਪਡੇਸ਼ਨ/ਦਰੁੱਸਤੀ ਕਰਵਾਈ ਜਾਵੇਗੀ ਅਤੇ ਮਿਤੀ 20/03/2020 ਨੂੰ ਰਾਤ 12:00 ਵਜੇ ਸੀ.ਸੀ.ਈ ਪੋਰਟਲ ਲਾਕ ਕਰ ਦਿੱਤਾ ਜਾਵੇਗਾ । ਇਸ ਤੋਂ ਇਲਾਵਾ ਜਿਹਨਾਂ ਸਕੂਲਾਂ ਵੱਲੋਂ ਸੀ.ਸੀ.ਈ ਫਾਈਨਲ ਸਬਮਿਸ਼ਨ ਕਰ ਦਿੱਤੀ ਗਈ ਹੈ ਪ੍ਰੰਤੂ ਉਸ ਵਿਚ ਕੋਈ ਤਬਦੀਲੀ/ਸੋਧ ਕੀਤੀ ਜਾਣੀ ਹੈ ਤਾਂ ਸਬੰਧਤ ਸਕੂਲ ਵੱਲੋਂ ਉਪਰੋਕਤ ਦਰਸਾਈ ਸਥਿਤੀ ਅਤੇ ਮਿਤੀਆਂ ਅਨੁਸਾਰ ਹੀ ਕਾਰਵਾਈ ਕੀਤੀ ਜਾਣੀ ਹੈ ਪ੍ਰੰਤੂ ਪਹਿਲਾਂ ਸਬੰਧਤ ਸਕੂਲ ਵੱਲੋਂ ExamSrsec@pseb.ac.in ਈ ਮੇਲ ਕਰਨ ਦੇ ਨਾਲ ਨਾਲ ਸਬੰਧਤ ਸੁਪਰਡੰਟ/ਸੈੱਟ ਕਰਮਚਾਰੀ ਨੂੰ ਸੂਚਿਤ ਕੀਤਾ ਜਾਵੇ ।

ਕੰਟਰੋਲਰ(ਪ੍ਰੀਖਿਆਵਾਂ)